# ਇਹ ਹਮਾਰਾ ਜੀਵਨ

26.10.96

ਗੁਰਸ਼ਰਨ ਸਿੰਘ

## ਬਾਬਾ ਸੋਹਣ ਸਿੰਘ ਭਕਨਾ ਦੀ ਇਕ ਯਾਦ

ਬਾਬਾ ਸੋਹਣ ਸਿੰਘ ਭਕਨਾ ਦਾ ਸ਼ੁਮਾਰ ਉਨ੍ਹਾਂ ਸਖਸ਼ੀਅਤਾਂ ਵਿਚ ਕੀਤਾ ਜਾ ਸਕਦਾ ਹੈ, ਜਿਹੜੀਆਂ ਸਾਡੇ ਵੱਧ ਤੋਂ ਵੱਧ ਸਤਿਕਾਰ ਦੀਆਂ ਹੱਕਦਾਰ ਹਨ। ਪੰਜਾਬ ਦੀ ਕਮਿਊਨਿਸਟ ਲਹਿਰ ਤਾਂ ਹਮੇਸ਼ਾ ਇਹ ਫਖਰ ਕਰ ਸਕੇਗੀ ਕਿ ਬਾਬਾ ਜੀ ਨੇ ਆਪਣੀ ਉਮਰ ਦਾ ਬਹੁਤਾ ਹਿੱਸਾ ਖਾਸ ਕਰਕੇ ਉਮਰ ਦਾ ਅਖੀਰਲਾ ਹਿੱਸਾ ਕਮਿਊਨਿਸਟ ਸਿਧਾਂਤ ਨਾਲ ਜੁੜਕੇ ਗੁਜ਼ਾਰਿਆ। ਉਨ੍ਹਾਂ ਦੀਆਂ ਲਿਖਤਾਂ ਹੁਣ ਇਕ ਕਿਤਾਬ ਦੇ ਰੂਪ ਵਿਚ ਸਾਡੇ ਕੋਲ ਮੁਹੱਈਆ ਹਨ। ਜਿਨ੍ਹਾਂ ਵਿਚ ਉਨ੍ਹਾਂ ਦੀਆਂ ਬਹੁਤ ਸਾਰੀਆਂ ਯਾਦਾਂ ਸ਼ਾਮਲ ਹਨ। ਉਨ੍ਹਾਂ ਵਿਚੋਂ ਉਨ੍ਹਾਂ ਦੀ ਇਕ ਯਾਦ ਇਥੇ ਦਿੱਤੀ ਜਾ ਰਹੀ ਹੈ। ਜੋ ਉਨ੍ਹਾਂ ਲੋਕਾਂ ਦੀ ਅਮਲੀ ਸੇਵਾ ਦੇ ਸੰਦਰਭ ਵਿਚ ਕਲਮਬੰਦ ਕੀਤੀ ਹੈ। ਅੱਜ ਦੇ ਸਿਆਸੀ ਕਾਰਕੁੰਨਾਂ ਲਈ ਇਹ ਲਿਖਤ ਇਕ ਰਾਹ ਦਿਖਾਉਣ ਵਾਲੀ ਲਿਖਤ ਹੈ। ਬਾਬਾ ਜੀ ਲਿਖਦੇ ਹਨ :-

'ਬੰਗਾਲ ਦਾ ਭਿਅੰਕਰ ਕਾਲ— ਸੰਨ ਦਾ ਪੂਰਾ ਯਾਦ ਨਹੀਂ, ਪਰ 1947 ਤੋਂ ਪਹਿਲਾਂ ਇਹ ਕਾਲ ਪਿਆ। ਇਸ ਸਮੇਂ 3 ਵਰਕਰ ਲੜਕੀਆਂ ਵੀ ਕਾਲ ਪੀੜਤਾਂ ਲਈ ਫੰਡ ਇਕੱਠਾ ਕਰਨ ਆ ਗਈਆਂ। ਇਨ੍ਹਾਂ ਦੇ ਨਾਂ ਸਨ-ਪੈਰਨ, ਲਿਟੇ ਤੇ ਵਿਮਲਾ। ਉਦੋਂ ਇਹ ਤਿੰਨੇ ਕਵਾਰੀਆਂ ਹੀ ਸਨ। ਬਾਅਦ ਵਿਚ ਪੈਰਨ ਨੇ ਜੋ ਪਾਰਸੀ ਲੜਕੀ ਸੀ, ਸੈਕਟਰੀ ਅਮਨ ਕਮੇਟੀ ਰਮੇਸ਼ ਨਾਲ, ਲਿਟੇ ਨੇ ਅਜੈ ਘੋਸ਼ ਨਾਲ, ਜੋ ਰੰਧੀਵੇ ਬਾਅਦ ਕਮਿਊਨਿਸਟ ਪਾਰਟੀ ਦੇ ਮੁੱਖ ਜਕੱਤਰ ਚੁਣੇ ਗਏ ਤੇ ਵਿਮਲ ਨੇ ਸਤਪਾਲ ਡਾਂਗ ਨਾਲ ਵਿਆਹ ਕਰਵਾ ਲਿਆ। ਇਨ੍ਹਾਂ ਲੜਕੀਆਂ ਨੇ ਮੈਨੂੰ ਕਿਹਾ ਕਿ ਕਾਲ ਪੀੜਤਾਂ ਲਈ ਝੋਨਾ ਇਕੱਠਾ ਕਰਨ ਆਈਆਂ ਹਨ ਤੇ ਮੈਂ ਉਨ੍ਹਾਂ ਨਾਲ ਚੱਲਾਂ। ਪੰਜਾਬ ਵਿਚ ਝੋਨਾ ਬੰਗਾਲ ਨਾਲੋਂ ਪਿੱਛੇ ਪੱਕਦਾ ਹੈ। ਇਸ ਲਈ ਸਾਡੇ ਉਸ ਸਮੇਂ ਝੋਨਾ ਲਾਉਣ ਦੀ ਰੁੱਤ ਸੀ। ਮੈਂ ਕਿਹਾ 'ਸਾਡੇ ਤਾਂ ਹੁਣ ਝੋਨਾ ਲਾਉਣ ਦੀ ਰੁੱਤ ਹੈ, ਤੁਸੀਂ ਇੰਞ ਕਰੋ ਪੰਜ ਮਰਲੇ ਪੈਲੀ ਮੈਂ ਤੁਹਾਨੂੰ ਦੇਂਦਾ ਹਾਂ, ਪਰ ਸ਼ਰਤ ਇਹ ਕਿ ਤੁਸੀਂ ਇਸ ਨੂੰ ਆਪਣੇ ਹੱਥੀਂ ਬਣਾਉ ਤੇ ਆਪ ਲਾਉ। ਜਦ ਤੁਹਾਡਾ ਝੋਨਾ ਪੱਕੇਗਾ ਤਾਂ ਵੇਚਕੇ ਤੁਹਾਨੂੰ ਪੈਸੇ ਦੇ ਦੇਵਾਂਗਾ। ਵੇਚਣਾ ਮੇਰੀ ਜ਼ਿੰਮੇਵਾਰੀ ਰਹੀ।

ਉਨ੍ਹਾਂ ਜ਼ਮੀਨ ਬਣਾਉਣੀ ਸ਼ੁਰੂ ਕਰ ਦਿੱਤੀ। ਹੱਥੀਂ ਛਾਲੇ ਤਾਂ ਪੈ ਗਏ ਪਰ ਹਿੰਮਤ ਨਾ ਹਾਰੀ। ਲੋਕੀ ਵੇਖ ਕੇ ਹੈਰਾਨ ਸਨ ਕਿ ਉਹ ਪੜ੍ਹੀਆਂ-ਲਿਖੀਆਂ ਲੜਕੀਆਂ ਹੱਥੀਂ ਛਾਲੇ ਪੈਣ ਤੇ ਵੀ ਨਹੀਂ ਘਬਰਾਈਆਂ। ਲੋਕਾਂ ਦੇ ਦਿਲਾਂ ਉੱਤੇ ਬੜਾ ਅਸਰ ਹੋਇਆ, ਅਖੀਰ ਇਨ੍ਹਾਂ ਝੋਨਾ ਲਾ ਲਿਆ। ਜਦ ਝੋਨਾ ਲੱਗ ਗਿਆ ਤਾਂ ਮੈਂ ਪੁੱਛਿਆ "ਤੁਹਾਡਾ ਝੋਨਾ ਖਰੀਦਣਾ ਚਾਹੁੰਦਾ ਹਾਂ, ਦੱਸੋ ਕੀ ਲੈਣਾ ਏ? ਤੇ ਜੋ ਬੀਬੀਆਂ ਨੇ ਆਖਿਆ, ਝੋਨੇ ਦਾ ਮੁੱਲ ਦੇ ਦਿੱਤਾ।

ਪਹਿਲੇ ਪਹਿਰ ਇਹ ਖੇਤ ਬਣਾਉਣ ਤੇ ਝੋਨਾ ਲਾਉਣ ਦਾ ਕੰਮ ਕਰਦੀਆਂ ਤੇ ਪਿਛਲੇ ਪਹਿਰ ਦਵਾਈਆਂ ਤੇ ਮੱਲ੍ਹਮ-ਪੱਟੀ ਲੈ ਕੇ ਨੇੜੇ ਦੇ ਪਿੰਡਾਂ ਵਿਚ ਬੰਦਿਆਂ ਤੇ ਹੋਰ ਬੀਮਾਰਾਂ ਦੀ ਸੇਵਾ ਕਰਦੀਆਂ। ਪੈਰਨ ਡਾਕਟਰ ਦੀ ਲੜਕੀ ਸੀ ਤੇ ਫਰਸਟ ਏਡ ਦਾ ਕੰਮ ਚੰਗੀ ਤਰ੍ਹਾਂ ਜਾਣਦੀ ਸੀ। ਬੱਚਿਆਂ ਦੀਆਂ ਮਾਂਵਾਂ ਤਾਂ ਇਨ੍ਹਾਂ ਨੂੰ ਦੇਵੀਆਂ ਸਮਝਦੀਆਂ, ਇਨ੍ਹਾਂ ਦੇ ਜਾਣ ਪਿੱਛੋਂ ਕਈ ਦਿਨ ਤੱਕ ਮੈਨੂੰ ਆ ਆ ਕੇ ਪੁੱਛਦੀਆਂ ਰਹੀਆਂ "ਬਾਬਾ ਜੀ, ਬੀਬੀਆਂ ਫੇਰ ਕਦੋਂ ਆਉਣਗੀਆਂ?"

ਮੈਂ ਸਮਝਦਾ ਹਾਂ ਕਿ ਨਿਰੀ ਰਾਜਨੀਤੀ ਲੋਕਾਂ ਨੂੰ ਇੰਨੀ ਅਪੀਲ ਨਹੀਂ ਕਰਦੀ ਜਿੰਨੀ ਅਮਲੀ ਸੇਵਾ।

ਪਹਿਲੀ ਨਵੰਬਰ ਦੇਸ਼ ਭਗਤ ਹਾਲ ਜਲੰਧਰ ਵਿਚ ਗਦਰੀ ਬਾਬਿਆਂ ਦਾ ਮੇਲਾ ਹੋ ਰਿਹਾ ਹੈ। ਬਾਬਾ ਭਕਨਾ ਦੀਆਂ ਯਾਦਾਂ ਉੱਤੇ ਅਧਾਰਤ ਇਕ ਨਾਟਕ ਉਥੇ ਪੇਸ਼ ਹੋ ਰਿਹਾ ਹੈ ਤਾਂ ਜੋ ਵੱਧ ਤੋਂ ਵੱਧ ਲੋਕਾਂ ਤਕ ਬਾਬਾ ਜੀ ਦੀਆਂ ਯਾਦਾਂ ਅਤੇ ਸੁਨੇਹੇ ਪਹੁੰਚਾਏ ਜਾ ਸਕਣ।

ਐਡੀਟਰ : ਗੁਲਜ਼ਾਰ ਸਿੰਘ ਸੰਧੂ — ਛਾਪਕ ਤੇ ਪ੍ਰਕਾਸ਼ਕ : ਹਰਕੰਵਲ ਸਿੰਘ ਨੇ ਦੇਸ਼ ਸੇਵਕ ਪ੍ਰਿੰਟਰਜ਼ ਲਿਮਟਿਡ, ਬਾਬਾ ਸੋਹਣ ਸਿੰਘ ਭਕਨਾ ਭਵਨ, 29-ਡੀ, ਚੰਡੀਗੜ੍ਹ ਤੋਂ ਛਾਪਵ